# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ, ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ ਬਲਾਕ, ਪੰਜਵੀਂ ਮੰਜਿਲ, ਫੇਜ਼-8, ਅਜੀਤਗੜ੍ਹ।

ਵੱਲ,

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),
2. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.),
2. ਸਮੂਹ ਡੀ.ਆਰ.ਪੀ (ਟੈਕਸਟ ਬੁੱਕ),
3. ਸਮੂਹ ਸਕੂਲ ਮੁੱਖੀ (ਵੈੱਬ ਸਾਈਟ ਰਾਹੀਂ),

ਪੰਜਾਬ।

ਮੀਮੋ ਨੰ: ਸਸਅ/ਐਮਸੀ/2013/ 8824-27
ਮਿਤੀ: 15-05-2013

ਵਿਸ਼ਾ:- **CCE ਦੇ ਚੌਥੀ ਤੋਂ ਅੱਠਵੀਂ ਜਮਾਤਾਂ ਲਈ ਵਿਸ਼ਾਵਾਰ ਅਤੇ ਜਮਾਤ ਇੰਚਾਰਜ ਦੁਆਰਾ ਭਰੇ ਜਾਣ ਵਾਲੇ ਰਜਿਸਟਰਾਂ ਦੀ ਪਹੁੰਚ ਸੰਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂਕਿ ਆਪ ਜੀ ਨੂੰ ਪਤਾ ਹੀ ਹੈ ਕਿ ਆਰ.ਟੀ.ਈ. ਐਕਟ 2009 ਮੁਤਾਬਿਕ ਵਿਦਿਆਰਥੀਆਂ ਦਾ ਲਗਾਤਾਰ ਸਰਵਪੱਖੀ ਮੁਲਾਂਕਣ ਦਾ ਰਿਕਾਰਡ ਬਣਾਉਣਾ ਅਤੀ ਲਾਜ਼ਮੀ ਹੈ।

3.0 ਇਸ ਨੂੰ ਮੱਦੇਨਜ਼ਰ ਰੱਖਦਿਆਂ ਹੋਇਆ ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ ਚੌਥੀ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਦਾ ਵਿਸ਼ਾ ਵਾਈਜ਼ ਰਿਕਾਰਡ ਤਿਆਰ ਕਰਨ ਲਈ **"ਵਿਸ਼ਾ ਅਧਿਆਪਕ ਦੁਆਰਾ ਭਰਿਆ ਜਾਣ ਵਾਲਾ CCE ਰਜਿਸਟਰ"** ਅਤੇ ਦੂਸਰਾ ਵਿਦਿਆਰਥੀ ਦਾ ਮੁਕੰਮਲ ਰਿਕਾਰਡ ਤਿਆਰ ਕਰਨ ਲਈ **"ਜਮਾਤ ਇੰਚਾਰਜ ਦੁਆਰਾ ਭਰਿਆ ਜਾਣਾ ਵਾਲਾ CCE ਰਜਿਸਟਰ"** ਤਿਆਰ ਹੋ ਕੇ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਦੇ ਦਫ਼ਤਰ ਵਿੱਚ ਪਹੁੰਚ ਚੁੱਕੇ ਹਨ।

4.0 ਪ੍ਰਾਇਮਰੀ ਸਕੂਲਾਂ ਵਿੱਚ ਰਜਿਸਟਰ **"ਵਿਸ਼ਾ ਅਧਿਆਪਕ ਦੁਆਰਾ ਭਰਿਆ ਜਾਣ ਵਾਲਾ CCE ਰਜਿਸਟਰ"** ਅਤੇ **"ਜਮਾਤ ਇੰਚਾਰਜ ਦੁਆਰਾ ਭਰਿਆ ਜਾਣਾ ਵਾਲਾ CCE ਰਜਿਸਟਰ"** ਪ੍ਰਤੀ ਸਕੂਲ ਦੋ-ਦੋ ਰਜਿਸਟਰ ਡੀ.ਆਰ.ਪੀ. (ਟੈਕਸਟ ਬੁੱਕ) ਰਾਹੀਂ ਸਕੂਲਾਂ ਵਿੱਚ ਭੇਜੇ ਜਾ ਰਹੇ ਹਨ।

5.0 ਇਸ ਤੋਂ ਇਲਾਵਾ ਛੇਵੀਂ, ਸੱਤਵੀਂ ਅਤੇ ਅੱਠਵੀਂ ਸ਼੍ਰੇਣੀਆਂ ਲਈ ਸਾਰੇ ਮਿਡਲ/ਹਾਈ/ਸੀ.ਸੈਕੰਡਰੀ ਸਕੂਲਾਂ ਵਿੱਚ ਰਜਿਸਟਰ **"ਵਿਸ਼ਾ ਅਧਿਆਪਕ ਦੁਆਰਾ ਭਰਿਆ ਜਾਣ ਵਾਲਾ CCE ਰਜਿਸਟਰ"** ਪ੍ਰਤੀ ਸਕੂਲ 9 ਰਜਿਸਟਰ ਅਤੇ ਰਜਿਸਟਰ **"ਜਮਾਤ ਇੰਚਾਰਜ ਦੁਆਰਾ ਭਰਿਆ ਜਾਣਾ ਵਾਲਾ CCE ਰਜਿਸਟਰ"** ਪ੍ਰਤੀ ਸਕੂਲ 3 ਰਜਿਸਟਰ ਭੇਜੇ ਜਾਣਗੇ। ਜਮਾਤਾਂ ਅਤੇ ਸੈਕਸ਼ਨ ਦੀ ਮੰਗ ਅਨੁਸਾਰ ਰਜਿਸਟਰ ਦੀ ਗਿਣਤੀ ਵਧਾਈ/ਘਟਾਈ ਜਾ ਸਕਦੀ ਹੈ।

6.0 ਡੀ.ਆਰ.ਪੀ.(ਟੈਕਸਟ ਬੁੱਕ) ਨੂੰ ਹਦਾਇਤ ਕੀਤੀ ਜਾਂਦੀ ਹੈ। ਜੇਕਰ ਉਕਤ ਰਜਿਸਟਰ ਸਬੰਧੀ ਫੀਲਡ ਵਿੱਚ ਕੋਈ ਹੋਰ ਮੰਗ ਬਣਦੀ ਹੈ ਤਾਂ ਸੱਤ ਦਿਨਾਂ ਦੇ ਵਿੱਚ-ਵਿੱਚ ਲੋੜੀਂਦੇ ਰਜਿਸਟਰਾਂ ਦੀ ਗਿਣਤੀ ssa.aspdmath@gmail.com ਤੇ e-mail ਕੀਤੀ ਜਾਵੇ।

7.0 ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਚੌਥੀ, ਪੰਜਵੀਂ ਅਤੇ ਛੇਵੀਂ ਤੋਂ ਅੱਠਵੀਂ ਜਮਾਤਾਂ ਲਈ ਜੇਕਰ CCE ਰਜਿਸਟਰ ਪ੍ਰਾਪਤ ਨਹੀਂ ਹੁੰਦੇ ਤਾਂ ਸਬੰਧਤ ਬੀ.ਆਰ.ਪੀ ਨਾਲ ਸੰਪਰਕ ਕੀਤਾ ਜਾਵੇ।

**ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ**